Government of Western Australia
School Curriculum and Standards Authority

# 12ਵੀਂ ਜਮਾਤ ਦੇ ਦਾਖਲੇ ਲਈ ਅੰਗਰੇਜ਼ੀ ਨੂੰ ਵਾਧੂ ਭਾਸ਼ਾ ਵਜੋਂ ਜਾਂ ਉਪਭਾਸ਼ਾ (ਈ ਏ ਐਲ/ਡੀ) ਦੀ ਯੋਗਤਾ ਕਾਰਵਾਈ

ਈ ਏ ਐਲ/ਡੀ ਏ ਟੀ ਏ ਆਰ ਕੋਰਸ ਉਹਨਾਂ ਵਿਦਿਆਰਥੀਆਂ ਲਈ ਉਪਲਬਧ ਹੈ ਜੋ ਅੰਗਰੇਜ਼ੀ ਨੂੰ ਵਾਧੂ ਭਾਸ਼ਾ ਜਾਂ ਉਪਭਾਸ਼ਾ ਵਜੋਂ ਬੋਲਦੇ ਹਨ, ਅਤੇ ਜਿੰਨ੍ਹਾਂ ਦੀ ਸਟੈਂਡਰਡ ਆਸਟ੍ਰੇਲੀਅਨ ਇੰਗਲਿਸ਼ (ਐਸ ਏ ਈ) ਦੀ ਵਰਤੋਂ ਸੀਮਤ ਹੈ।

12ਵੀਂ ਜਮਾਤ ਦੇ ਵਿਦਿਆਰਥੀ ਦੁਆਰਾ ਈ ਏ ਐਲ/ਡੀ ਏ ਟੀ ਏ ਆਰ ਕੋਰਸ ਵਿੱਚ ਦਾਖਲਾ ਸਿਰਫ ਸਕੂਲ ਕਰੀਕਲੱਮ ਐਂਡ ਸਟੈਂਡਰਡਜ਼ ਅਥਾਰਿਟੀ (ਅਥਾਰਿਟੀ) ਵੱਲੋਂ ਯੋਗਤਾ ਸਵੀਕਾਰ ਕਰਨ ਤੇ ਲਿਆ ਜਾ ਸਕਦਾ ਹੈ। ਇਕ ਵਿਦਿਆਰਥੀ ਵੱਲੋਂ ਦਾਖਲੇ ਲਈ ਸਵੀਕਾਰ ਕੀਤੇ ਜਾਣ ਵਾਸਤੇ ਪ੍ਰਕਾਸ਼ਿਤ ਤਰੀਕ ਤੱਕ ਲੋੜੀਂਦੇ ਸਹਾਇਕ ਦਸਤਾਵੇਜ਼ਾਂ ਦੇ ਸਮੇਤ ਔਨਲਾਈਨ ਯੋਗਤਾ ਅਰਜ਼ੀ ਨੂੰ ਪੂਰਾ ਕਰਨਾ ਅਤੇ ਅਥਾਰਿਟੀ ਨੂੰ ਨੀਯਤ ਤਰੀਕ ਤੱਕ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਅਰਜ਼ੀਆਂ ਜਮ੍ਹਾਂ ਕਰਵਾਉਣ ਦੀਆਂ ਆਖਰੀ ਤਰੀਕਾਂ ਅਥਾਰਿਟੀ ਦੀ ਵੈਬਸਾਈਟ ਦੇ ਈ ਏ ਐਲ/ਡੀ ਸਫੇ ਉਪਰ ਸਥਿੱਤ ਹਨ https://senior-secondary.scsa.wa.edu.au/syllabus-and-support-materials/english/english-as-an-additional-language-or-dialect.

ਔਨਲਾਈਨ ਅਰਜ਼ੀ ਨੂੰ ਪੂਰਾ ਕਰਨ ਲਈ, ਵਿਦਿਆਰਥੀ ਨੂੰ ਘਰ ਜਾਂ ਸਕੂਲ ਵਿੱਚ ਇਕ ਕੰਪਿਊਟਰ ਵਰਤਣ ਦੀ ਲੋੜ ਪਵੇਗੀ। ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਬੱਚੇ ਦੇ ਈ ਏ ਐਲ/ਡੀ ਅਧਿਆਪਕ ਜਾਂ ਸਕੂਲ ਦੇ ਪ੍ਰਬੰਧਕਾਂ ਨੂੰ ਆਪਣੀ ਸਹਾਇਤਾ ਕਰਨ ਲਈ ਪੁੱਛੋ।

## ਔਨਲਾਈਨ ਈ ਏ ਐਲ/ਡੀ ਯੋਗਤਾ ਕਾਰਵਾਈ ਦੇ ਪੰਜ ਪੜ੍ਹਾਅ

ਪੜ੍ਹਾਅ 1: ਸਟੂਡੈਂਟ(ਵਿਦਿਆਰਥੀ) ਪੋਰਟਲ https://studentportal.scsa.wa.edu.au ਵਿੱਚ ਲੌਗ ਇਨ ਕਰੋ
ਪੜ੍ਹਾਅ 2: ਈ ਏ ਐਲ/ਡੀ ਯੋਗਤਾ ਅਰਜ਼ੀ ਨੂੰ ਸ਼ੁਰੂ ਕਰੋ
ਪੜ੍ਹਾਅ 3: ਸਹਾਇਕ ਦਸਤਾਵੇਜ਼ਾਂ ਨੂੰ ਅੱਪਲੋਡ ਕਰੋ
ਪੜ੍ਹਾਅ 4: ਈ ਏ ਐਲ/ਡੀ ਯੋਗਤਾ ਅਰਜ਼ੀ ਨੂੰ ਜਮ੍ਹਾਂ (ਸਬਮਿਟ)ਕਰੋ
ਪੜ੍ਹਾਅ 5: ਯੋਗਤਾ ਅਰਜ਼ੀ ਦੀ ਕਾਰਵਾਈ ਦਾ ਨਤੀਜਾ ਜਾਨਣ ਲਈ ਸਟੂਡੈਂਟ ਪੋਰਟਲ ਨੂੰ ਜਾਂਚੋ

## ਲੋੜੀਂਦੀ ਜਾਣਕਾਰੀ

ਵਿਦਿਆਰਥੀ ਨੂੰ ਹੇਠ ਲਿਖੇ ਵੇਰਵੇ ਦੇਣ ਦੀ ਲੋੜ ਪਵੇਗੀ:

- ਜਨਮ ਦਾ ਦੇਸ਼
- ਤਰੀਕ ਜਦੋਂ ਤੁਸੀਂ ਆਸਟ੍ਰੇਲੀਆ ਵਿੱਚ ਆਏ
- ਜਨਮ ਦਾ ਦੇਸ਼ – ਮਾਤਾ ਤੇ ਪਿਤਾ (ਜਾਂ ਸੰਭਾਲ ਕਰਨ ਵਾਲਾ/ਵਾਲੇ)
- ਦੇਸ਼ ਜਿੰਨ੍ਹਾਂ ਵਿੱਚ ਤੁਸੀਂ ਪਹਿਲਾਂ ਰਹੇ ਹੋ
- ਨਾਗਰਿਕਤਾ
- ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ
- ਕਿੰਡਰਗਾਰਟਨ ਤੋਂ ਲੈ ਕੇ ਹਰੇਕ ਜਮਾਤ ਦੇ ਸਕੂਲਾਂ ਦੇ ਵੇਰਵੇ ਜਿੱਥੇ ਤੁਸੀਂ ਪੜ੍ਹੇ ਸੀ

## ਸਹਾਇਕ ਦਸਤਾਵੇਜ਼

ਵਿਦਿਆਰਥੀ ਨੂੰ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਨਕਲਾਂ ਦੇਣ ਦੀ ਲੋੜ ਪਵੇਗੀ:

- ਪਾਸਪੋਰਟ ਪਛਾਣ ਸਫਾ
- ਅੰਦਰ ਆਉਣ ਦੀ ਤਰੀਕ ਦੀ ਮੋਹਰ ਜਾਂ ਵੀਜ਼ਾ **ਜਾਂ**
- ਅੰਤਰਰਾਸ਼ਟਰੀ ਆਉਣ ਜਾਣ ਦਾ ਰਿਕਾਰਡ
- ਸਕੂਲ ਰਿਪੋਰਟ/ਰਿਪੋਰਟਾਂ

ਵਿਦਿਆਰਥੀਆਂ ਨੂੰ ਸਹਾਇਕ ਦਸਤਾਵੇਜ਼ਾਂ ਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ ਯੰਤਰਾਂ ਉਪਰ **.pdf**, **.jpg**, **.jpeg** ਜਾਂ **.png** ਫਾਈਲਾਂ ਦੇ ਰੂਪ ਵਿੱਚ ਸੰਭਾਲ ਕੇ ਰੱਖਣ ਦੀ ਲੋੜ ਪਵੇਗੀ ਅਤੇ **ਹਰੇਕ ਫਾਈਲ ਦਾ ਆਕਾਰ ਵੱਧ ਤੋਂ ਵੱਧ 4MB** ਹੋਵੇ। **Word** ਦਸਤਾਵੇਜ਼ਾਂ ਨੂੰ ਸਵੀਕਾਰ **ਨਹੀਂ** ਕੀਤਾ ਜਾਵੇਗਾ।

303 Sevenoaks St CANNINGTON WA 6107
PO Box 816 CANNINGTON 6987
Telephone (08) 9273 6300
info@scsa.wa.edu.au www.scsa.wa.edu.au
ABN:51367968690

2019/43137

ਹੋਰ ਜ਼ਿਆਦਾ ਜਾਣਕਾਰੀ ਅਤੇ ਸਹਾਇਤਾ ਲਈ, ਕਿਰਪਾ ਕਰਕੇ ਆਪਣੇ ਬੱਚੇ ਦੇ ਈ ਏ ਐਲ/ਡੀ ਅਧਿਆਪਕ ਨੂੰ ਜਾਂ ਸਕੂਲ ਪ੍ਰਬੰਧਕਾਂ ਨੂੰ ਜਾਂ ਲੂਈਸ ਡੋਡਮੈਨ, ਪ੍ਰਿੰਸੀਪਲ ਸਲਾਹਕਾਰ - ਈ ਏ ਐਲ/ਡੀ ਨੂੰ louise.dodman@scsa.wa.edu.au ਜਾਂ 9273 6785 ਉਪਰ ਸੰਪਰਕ ਕਰੋ।